# ਸ੍ਰੀ ਗੁਰੂ ਤੇਗ ਬਹਾਦਰ ਜੀ

## (ਰਚਨਾ ਦੇ ਵਿਭਿੰਨ ਪੱਖ)




ਸੰਪਾਦਕ

ਡਾ. ਨੀਲਮ ਸ਼ਰਮਾ * ਡਾ. ਜਸਵਿੰਦਰ ਕੌਰ * ਡਾ. ਜਸਵੀਰ ਕੌਰ

# ਸ੍ਰੀ ਗੁਰੂ ਤੇਗ ਬਹਾਦਰ ਜੀ

## (ਰਚਨਾ ਦੇ ਵਿਭਿੰਨ ਪੱਖ)

*ਸੰਪਾਦਕ*

ਡਾ. ਨੀਲਮ ਸ਼ਰਮਾ

ਡਾ. ਜਸਵਿੰਦਰ ਕੌਰ

ਡਾ. ਜਸਵੀਰ ਕੌਰ

ਪਰਵਾਜ਼ ਪ੍ਰਕਾਸ਼ਨ

ਜਲੰਧਰ

# Sri Guru Teg Behadur Ji

Editor.
**Dr. Neelam Sharma**
Principal
Shri Lal Bahadur Shastri Arya Mahila College,
BARNALA-148101, Mob. 98144-72782
**Dr. Jaswinder Kaur**
Assistant Professor
Shri Lal Bahadur Shastri Arya Mahila College,
BARNALA-148101, Mob. 92164-35617
**Dr. Jasvir Kaur**
Assistant Professor
Shri Lal Bahadur Shastri Arya Mahila College,
BARNALA-148101, Mob. 89686-26836

•

**ISBN : 978-93-83716-46-3**

**© Author**

**2021**

**Price Rs. 200/-**

**Parwaz Parkashan**
Vill. Dharampur, P.O. Khambra
Distt.Jalandhar-144026,Punjab. Ph. 94170-64350
e-mail:parwazparkashan@gmail.com
ਪਰਵਾਜ਼ ਪ੍ਰਕਾਸ਼ਨ Web:www.parwazparkashan.com

Printed at: White Cross Printers, Jal.

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above. No part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.

## ਤਰਤੀਬ


1. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ 'ਨਾਮ' ਦਾ ਸਿਧਾਂਤ
**ਡਾ. ਨੀਲਮ ਸ਼ਰਮਾ** 13

2. ਧਰਮ ਤੇ ਮਨੁੱਖੀ ਅਧਿਕਾਰਾਂ ਦੇ ਰੱਖਿਅਕ ਸ੍ਰੀ ਗੁਰੂ ਤੇਗ ਬਹਾਦਰ ਜੀ
**ਸ੍ਰ. ਪਰਮਜੀਤ ਸਿੰਘ ਖਾਲਸਾ** 19

3. ਸ੍ਰੀ ਗੁਰੂ ਤੇਗ ਬਹਾਦਰ ਜੀ-ਜੀਵਨ ਗਾਥਾ
**ਕਰਮ ਸਿੰਘ ਭੰਡਾਰੀ** 24

4. ਗੁਰੂ ਤੇਗ਼ ਬਹਾਦਰ ਜੀ : ਬਾਣੀ ਚਿੰਤਨ
**ਡਾ. ਮਨਦੀਪ ਸਿੰਘ** 36

5. ਗੁਰੂ ਤੇਗ ਬਹਾਦਰ ਸਾਹਿਬ ਦੀ ਕਾਵਿ ਕਲਾ ਤੇ ਸ਼ੈਲੀ
**ਡਾ. ਸੁਰਿੰਦਰ ਪਾਲ ਕੌਰ** 42

6. ਗੁਰੂ ਤੇਗ ਬਹਾਦਰ ਰਚਿਤ ਬਾਣੀ ਦੇ ਕਾਵਿਕ ਬਿੰਬ ਅਤੇ ਅਲੰਕਾਰ
**ਡਾ. ਸੁਖਜਿੰਦਰ ਕੌਰ** 47

7. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਿਚਾਰਧਾਰਾ
**ਜਸਵੀਰ ਸਿੰਘ** 53

8. ਗੁਰੂ ਤੇਗ਼ ਬਹਾਦਰ ਬਾਣੀ : ਸਮਾਜਿਕ ਤੇ ਨੈਤਿਕ ਪਰਿਪੇਖ
**ਅਵਤਾਰ ਸਿੰਘ** 58

9. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਅੰਦਰ ਮਾਨਵਤਾ ਨੂੰ ਉਪਦੇਸ਼
**ਬਿਮਲਾ ਦੇਵੀ ਧਰਨੀ** 63

10. ਗੁਰੂ ਤੇਗ਼ ਬਹਾਦਰ ਬਾਣੀ ਦਾ ਦ੍ਰਿਸ਼ਟਾਂਤਕ ਪ੍ਰਵਚਨ
**ਅਮਨਪ੍ਰੀਤ ਕੌਰ ਢੀਂਡਸਾ** 68

11. ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ- ਸਮਕਾਲੀ ਸਮਾਜ ਦੇ ਵਿਸ਼ੇਸ਼ ਸੰਦਰਭ ਵਿੱਚ
**ਡਾ. ਕਿਰਨਪਾਲ ਕੌਰ** 75

12. ਗੁਰੂ ਤੇਗ ਬਹਾਦਰ ਰਚਨਾ ਦੇ ਜੀਵਨ ਸੰਦੇਸ਼
**ਡਾ. ਗਗਨਦੀਪ ਸਿੰਘ** 81

13. ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਬਾਣੀ ਦੀ ਇਕਾਤਮਕਤਾ
ਡਾ. ਜਸਵੀਰ ਕੌਰ 92

14. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕਲਾਤਮਕ ਸੰਗਠਨ
**ਡਾ. ਚਰਨਜੀਤ ਕੌਰ** 97

15. ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ, ਬਾਣੀ ਅਤੇ ਸ਼ਹਾਦਤ
(ਕਰਨੈਲ ਸਿੰਘ ਪਾਰਸ ਰਚਿਤ ਪ੍ਰਸੰਗ ਦੇ ਸੰਦਰਭ ਵਿੱਚ)
**ਹਰਦੀਪ ਕੌਰ** 102

16. ਗੁਰੂ ਤੇਗ ਬਹਾਦਰ ਦੀ ਬਾਣੀ ਦਾ ਮਨੋਵਿਗਿਆਨਕ ਪੱਖ
ਪ੍ਰੋ. ਅਰਚਨਾ 111

17. ਸਲੋਕ ਮਹੱਲਾ ਨੌਂਵਾਂ: 'ਵੈਰਾਗ' ਮੂਲ ਸੁਰ ਅਤੇ ਅਧਿਆਤਮਕ ਸਾਧਨ ਵਜੋਂ
**ਡਾ. ਤਰਸਪਾਲ ਕੌਰ** 118

18. ਗੁਰੂ ਤੇਗ ਬਹਾਦਰ ਜੀ ਦਾ ਜੀਵਨ ਦਰਸ਼ਨ ਅਤੇ ਰਚਨਾ
**ਅਮਰਜੀਤ ਸਿੰਘ ਗੁਦਰਾਣਾ** 125

19. ਸ੍ਰੀ ਗੁਰੂ ਤੇਗ ਬਹਾਦਰ ਜੀ- ਜੀਵਨ ਤੇ ਦ੍ਰਿਸ਼ਟੀਕੋਣ
**ਡਾ. ਜਸਵਿੰਦਰ ਕੌਰ** 130

20. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪ੍ਰਭਾਵ
**ਵੀਰਪਾਲ ਕੌਰ** 137

21. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਮਰ ਸੰਦੇਸ਼
**ਰਿਪੀ ਕੌਰ** 141

21. ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ
(ਇਤਿਹਾਸਿਕ ਦ੍ਰਿਸ਼ਟੀਕੋਣ ਤੋਂ)
**ਸੁਮਨਜੀਤ ਕੌਰ** 145

22. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ-ਪੰਛੀ ਝਾਤ
**ਕੋਮਲਪ੍ਰੀਤ ਕੌਰ ਭੁੱਲਰ** 149

23. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ
'ਨਾਮ ਸਿਮਰਨ' ਦਾ ਸਿਧਾਂਤ
**ਹਰਪ੍ਰੀਤ ਸਿੰਘ** 155

24. ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਕ ਅਤੇ ਨੈਤਿਕ ਗੁਣ
**ਅਮਨਦੀਪ ਕੌਰ** 163

25. REFLECTION ON THE LIFE OF SHRI GURU TEG BAHADUR SAHIB JI
**Deepika Makhija** 168

26. RELEVANCE OFSHRIGURU TEG BAHADUR JIs' TEACHINGSIN MODERN ERA.
**Manisha Rani** 177

27. Guru Teg Bahadur Ji as Srisht-di-Chadar
(Protector of humanity)
Adv. Bharat Bhushan Menon 184

28. गुरु तेग बहादर वाणी-दार्शनिक, आाध्यात्मिक, सामाजिक चिंतन
**डा. सुशील बाला** 18 8

29. गुरु तेग बहादर वाणी का विचारधारा प्रसार
**सुनीता रानी** 19 8

# ਗੁਰੂ ਤੇਗ ਬਹਾਦਰ ਰਚਨਾ ਦੇ ਜੀਵਨ ਸੰਦੇਸ਼

ਡਾ. ਗਗਨਦੀਪ ਸਿੰਘ

ਗੁਰੂ ਤੇਗ ਬਹਾਦਰ ਦੀ ਰਚੀ ਬਾਣੀ ਸਮੁੱਚੀ ਗੁਰਬਾਣੀ ਵਾਂਗ ਆਪਣੇ ਸਮਕਾਲੀਨ ਸਮੇਂ ਦੀ ਬਿਆਨਤਾ, ਮੁੱਲਵਾਨ ਸੰਕੇਤਕ ਹਵਾਲਿਆਂ ਤੇ ਸਮਾਜਕ ਚੇਤਨਾ ਵਾਲੀ ਰਚਨਾ ਹੈ। ਗੁਰੂ-ਕਵੀ ਨੇ ਬਾਣੀ ਵਿੱਚ ਵਿਭਿੰਨ ਸਰੋਕਾਰਾਂ, ਦਾਰਸ਼ਨਿਕ, ਨੈਤਿਕ, ਸਮਾਜਕ, ਸੱਭਿਆਚਾਰਕ ਆਦਿ ਦਾ ਤਾਰਕਿਕ ਪ੍ਰਬੰਧ ਉਸਾਰਿਆ ਹੈ । ਨੌਵੇਂ ਗੁਰੂ-ਕਵੀ ਦੇ ਬਾਣੀ ਦੀ ਦਾਰਸ਼ਨਿਕਤਾ ਬਾਰੇ ਸੀ. ਐਲ. ਨਾਰੰਗ ਦਾ ਵਿਚਾਰ ਹੈ, " ਉਨ੍ਹਾਂ ਦੀ ਕਵਿਤਾ ਵਿੱਚ ਜਿੱਥੇ ਆਪੇ ਦੀ ਖੋਜ, ਪ੍ਰਭੂ ਪ੍ਰੇਮ, ਨਾਸ਼ਵਾਨਤਾ ਦਾ ਅਹਿਸਾਸ ਤੇ ਆਤਮਕ ਸੋਝੀ ਹੈ। ਉੱਥੇ ਸਭ ਤੋਂ ਪ੍ਰਭਾਵਸ਼ਾਲੀ ਉਨ੍ਹਾਂ ਦਾ ਦਾਰਸ਼ਨਿਕ ਸਾਹਿਤ ਹੈ। ਦੁਨੀਆ ਦੇ ਮਹਾਨ ਦਾਰਸ਼ਨਿਕਾਂ ਵਿੱਚ ਜੇ ਉਨ੍ਹਾਂ ਦਾ ਨਾਂ ਲੈ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਗੀਤਾ ਦਰਸ਼ਨ ਤੇ ਗੁਰੂ ਤੇਗ ਬਹਾਦਰ ਦੀ ਦਾਰਸ਼ਨਿਕਤਾ ਵਿੱਚ ਕਈ ਥਾਵਾਂ ਤੇ ਬਹੁਤ ਸਮਾਨਤਾ ਹੈ।"[1] ਇਸ ਤਰ੍ਹਾਂ ਨੌਵੇਂ ਗੁਰੂ ਆਪਣੇ ਤਿਆਗ, ਤਪੱਸਿਆ, ਪ੍ਰਭੂ-ਭਗਤੀ, ਪਰਉਪਕਾਰ, ਵੈਰਾਗ, ਕਰੁਣਾ, ਦਇਆ, ਸੰਜਮ-ਸੰਤੋਖ ਆਦਿ ਦੇ ਲਈ ਜਾਣੇ ਜਾਂਦੇ ਹਨ । ਆਪ ਦੀ ਬਾਣੀ ਸਮੁੱਚੇ ਵਿਸ਼ਵ ਦੇ ਮਨੁੱਖਾਂ ਨੂੰ ਕਾਇਨਾਤ ਦੇ ਕਾਦਰ ਦੇ ਸੱਚ ਤੋਂ ਜਾਣੂ ਕਰਵਾਉਂਦੀ ਹੈ ਇਸ ਕਰਕੇ ਉਨ੍ਹਾਂ ਦੀ ਰਚਨਾ ਦਾ ਦ੍ਰਿਸ਼ਟੀਕੋਣ ਮਨੁੱਖ-ਕੇਂਦਰਤ ਨਹੀਂ ਸਗੋਂ ਬ੍ਰਹਮ ਕੇਂਦਰਤ ਹੈ। ਇਸ ਵਿੱਚ ਮਨੁੱਖੀ ਜੀਵਨ ਹੋਂਦ ਦੇ ਸੱਚ ਨੂੰ ਵਿਅਕਤ ਕੀਤਾ ਹੈ ਕਿ ਸਮੇਂ ਦੇ ਨਾਲ ਹਰ ਮਨੁੱਖ ਨੇ ਸੰਸਾਰਕ ਨਾਸ਼ਮਾਨਤਾ ਦੇ ਭਵ-ਸਾਗਰ 'ਚ ਆਪਣਾ ਰੋਲ ਨਿਭਾ ਅਖੀਰ ਬ੍ਰਹਮ ਵਿਚ ਲੀਨ ਹੋ ਜਾਣਾ ਹੈ। ਦਰਸ਼ਨ ਤੇ ਸਾਹਿਤ ਦਾ ਆਪਸੀ ਬੜਾ ਡੂੰਘਾ ਸਬੰਧ ਹੈ ਇਸ ਸਬੰਧ ਬਾਰੇ ਸੀ. ਐਲ. ਨਾਰੰਗ ਨੇ ਹੁਣ ਹੋਰ ਸਪੱਸ਼ਟ ਕਰਦੇ ਕਿਹਾ ਹੈ, "ਦਰਸ਼ਨ ਤੇ ਸਾਹਿਤ ਨੂੰ ਕਦੇ ਵੀ ਇੱਕ ਦੂਸਰੇ ਤੋਂ ਅੱਡ ਨਹੀਂ ਕੀਤਾ ਜਾ ਸਕਦਾ ਹਰ ਸਾਹਿਤ ਵਿਚ ਕੁਝ ਸਿਧਾਂਤ ਹੈ, ਕੁਝ ਦਲੀਲ ਹੈ ਤੇ ਕੋਈ ਨਵਾਂ ਰਾਹ ਹੈ। ਦਰਸ਼ਨ ਸਾਹਿਤ ਵਾਸਤੇ ਇਕ ਰਾਹ ਹੈ, ਸਾਹਿਤਕਾਰ ਕਿਸੇ ਦਾਰਸ਼ਨਿਕਤਾ ਰਾਹੀਂ ਹੀ ਆਪਣੇ ਪਾਠਕਾਂ ਨੂੰ ਜੀਵਨ ਦਾ ਕੋਈ ਨਵਾਂ ਰਸਤਾ ਦੇ ਸਕਦਾ ਹੈ। ਜੀਵਨ ਦੀਆਂ ਸਾਧਾਰਨ, ਮਨੋਵਿਗਿਆਨਕ, ਸੂਖਮ ਤੇ ਸਥੂਲ ਘਟਨਾਵਾਂ ਨੂੰ ਦਰਸ਼ਨ ਹੀ ਵਿਸ਼ਲੇਸ਼ਣ ਕਰਕੇ ਸਾਹਿਤਕ ਜਾਮਾ ਪਹਿਨਾਉਂਦਾ ਹੈ। ਦਰਸ਼ਨ ਮੁੱਢਲੇ ਰੂਪ ਵਿੱਚ ਸਿਧਾਂਤ ਹੈ ਤੇ ਸਾਹਿਤ ਉਸ ਸਿਧਾਂਤ ਦਾ ਪ੍ਰਗਟਾਅ ਹੈ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਦਰਸ਼ਨ ਬੀਜ ਹੈ ਤੇ ਸਾਹਿਤ ਬੀਜ ਨੂੰ ਸਿਖਰ ਤੱਕ ਪਹੁੰਚਾਉਣ ਵਾਲਾ ਉਸ ਦਾ ਫ਼ਲ।"[2]

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥ [3]

ਗੁਰੂ ਤੇਗ ਬਹਾਦਰ ਨੇ ਆਪਣੀ ਬਾਣੀ ਵਿੱਚ ਬ੍ਰਹਮ ਨੂੰ ਰਾਮ, ਹਰੀ, ਗੁਸਾਈਂ, ਨਾਰਾਇਣ, ਮੁਰਾਰੀ, ਨਿਰੰਜਨ, ਪ੍ਰਤਿਪਾਲਕ ਆਦਿ ਸੰਬੋਧਨਾਂ ਨਾਲ ਸੰਬੋਧਿਤ ਕੀਤਾ ਹੈ ਗੁਰੂ-ਕਵੀ ਅਨੁਸਾਰ ਬ੍ਰਹਮ ਹੀ ਸਮੁੱਚੇ ਵਿਸ਼ਵ ਦਾ ਰਚਨਹਾਰ, ਕਰਤਾ-ਧਰਤਾ-ਹਰਤਾ ਤੇ ਅੰਤਰਯਾਮੀ ਹੈ। ਇਸ ਦੀ ਹੋਂਦ ਸਰਬ-ਵਿਆਪਕ ਹੈ। ਪ੍ਰਭੂ ਦੇ ਸਿਰਜੇ ਸੰਸਾਰ ਵਿੱਚ ਆਇਆ ਮਨੁੱਖ ਇਸ ਮਾਇਆਵੀ ਸੰਸਾਰਕ ਪਦਾਰਥਾਂ ਦੇ ਤਾਣੇ-ਬਾਣੇ ਵਿੱਚ ਉਲਝ ਕੇ ਆਪਣੀ ਨਾਸ਼ਵਾਨ ਹੋਂਦ ਨੂੰ ਸਥਿਰ ਸਮਝਦਾ ਹੈ ਜਦੋਂ ਕਿ ਪ੍ਰਕ੍ਰਿਤੀ ਦੀ ਹਰ ਸ਼ੈਅ ਅਸਥਿਰ ਹੈ। ਨੌਵੇਂ ਗੁਰੂ ਸਾਹਿਬ ਨੇ ਜੀਵਨ-ਜਾਚ ਦੇ ਵੱਖ-ਵੱਖ ਸਿਧਾਂਤਾਂ ਨੂੰ ਆਪਣੀ ਬਾਣੀ ਵਿੱਚ ਬਿਆਨ ਕੀਤਾ ਹੈ। ਗੁਰੂ-ਕਵੀ ਅਨੁਸਾਰ ਜੋ ਪੁਰਸ਼ ਕਿਸੇ ਨੂੰ ਭੈ-ਡਰ ਦਾ ਡਰਾਵਾ ਨਹੀਂ ਦਿੰਦਾ ਤੇ ਨਾ ਹੀ ਕਿਸੇ ਦਾ ਡਰ ਮੰਨਦਾ ਹੈ, ਉਸ ਨੂੰ ਗਿਆਨੀ ਕਿਹਾ ਜਾ ਸਕਦਾ ਹੈ। ਰਾਮ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਜੀਵਨ ਸੰਦੇਸ਼ ਬਾਰੇ ਕਿਹਾ ਹੈ, " ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚਾਹੇ ਸਭ ਦੇ ਪੜ੍ਹਨ ਲਈ ਹੈ ਪਰ ਬਹੁਤੇ ਲੋਕ ਇਸ ਤੋਂ ਅਭਿੱਜ ਰਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਕਈ ਬਾਣੀਆਂ ਐਸੀਆਂ ਹਨ ਜਿਨ੍ਹਾਂ ਵਿੱਚ ਨਾਸ਼ਮਾਨਤਾ ਦਾ ਵਿਸ਼ਾ ਬਹੁਤਾ ਨਹੀਂ ਛੋਹਿਆ ਗਿਆ। ਜਪੁਜੀ, ਆਸਾ ਦੀ ਵਾਰ, ਸੁਖਮਨੀ, ਆਨੰਦ ਸਾਹਿਬ, ਆਦਿਕ ਬਾਣੀਆਂ ਵਿੱਚ ਜਾਂ ਤਾਂ ਇਹ ਵਿਸ਼ਾ ਹੈ ਹੀ ਨਹੀਂ ਜਾਂ ਬਹੁਤੀ ਮਾਮੂਲੀ ਮਾਤਰਾ ਵਿੱਚ ਹੈ। ਇਨ੍ਹਾਂ ਬਾਣੀਆਂ ਨੂੰ ਹੀ ਬਹੁਤੇ ਵਿਅਕਤੀ ਪੜ੍ਹਦੇ ਹਨ। ਇਨ੍ਹਾਂ ਦੇ ਟਾਕਰੇ ਉੱਤੇ ਨਾਸ਼ਮਾਨਤਾ ਦਾ ਵਿਸ਼ਾ ਨੌਵੇਂ ਮਹੱਲੇ ਦੀ ਬਾਣੀ ਵਿੱਚ ਬਹੁਤ ਵਧੇਰੇ ਹੈ। ਜਦੋਂ ਕਿਸੇ ਥਾਂ ਮੌਤ ਹੋ ਜਾਏ ਤਾਂ ਇਸ ਬਾਣੀ ਦੇ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਜਾਂ ਇਨ੍ਹਾਂ ਨੂੰ ਪੜ੍ਹਿਆ ਸੁਣਿਆ ਜਾਂਦਾ ਹੈ। ਮੌਤ ਵਾਪਰਨ ਸਮੇਂ ਮਰਨ ਵਾਲੇ ਪ੍ਰਾਣੀ ਦੇ ਸਬੰਧੀਆਂ ਮਿੱਤਰਾਂ ਦੀ ਮਾਨਸਿਕ ਦਸ਼ਾ ਮੌਤ ਨੇ ਕੁਝ ਵੈਰਾਗਮਈ ਕੀਤੀ ਹੁੰਦੀ ਹੈ।" [4] ਗੁਰੂ ਕਵੀ ਨੇ ਪਰਮ ਸੱਚ ਪ੍ਰਭੂ-ਪਰਮਾਤਮਾ ਨੂੰ ਮੰਨਿਆ ਹੈ :

(1) ਸਾਧੋ ਰਚਨਾ ਰਾਮ ਬਨਾਈ॥
ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ॥ 1 ॥ ਰਹਾਉ॥ [5]

(2) ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ 1 ॥ ਰਹਾਉ ॥ [6]

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਬ੍ਰਹਮ ਨੂੰ ਮਨੁੱਖ ਤੇ ਸਮੁੱਚੀ ਪ੍ਰਕਿਰਤੀ ਦੀ ਹੋਂਦ ਦਾ ਆਧਾਰ ਸਰੋਤ ਮੰਨਿਆ ਹੈ। ਉਸ ਪ੍ਰਭੂ ਦੀ ਪ੍ਰਭੂਤਾ ਨੂੰ ਜਾਨਣ ਦੇ ਯਤਨ 'ਚ ਜੋਗੀ, ਜਤੀ-ਸਤੀ-ਸੰਤੋਖੀ ਤੇ ਗਿਆਨਵਾਨ ਆਦਿ ਸਭ ਯਤਨ ਕਰ ਹਾਰ ਗਏ ਹਨ। ਉਹ ਰਾਜੇ ਤੋਂ ਰੰਕ ਤੇ ਸਧਾਰਨ ਮਨੁੱਖ ਨੂੰ ਰੰਕ ਤੋਂ ਰਾਜਾ ਕਦ ਬਣਾ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੰਦਾ ਹੈ। ਪਹਿਲਾਂ ਕੁਝ ਪਤਾ ਨਹੀਂ ਲੱਗਦਾ, ਪ੍ਰਭੂ ਦੇ ਕੌਤਕ ਦੇ ਵਾਪਰਨ ਤੇ ਹੀ ਪਤਾ ਲੱਗਦਾ ਹੈ। ਪਰਮਾਤਮਾ ਅਦ੍ਰਿਸ਼ਟ ਤੇ ਦੁਨਿਆਵੀਂ ਆਵਾਗਮਨ ਤੋਂ ਨਿਰਲੇਪ ਹੈ ਗੁਰੂ ਤੇਗ ਬਹਾਦਰ ਜੀ ਨੇ ਬ੍ਰਹਮ ਦੀ ਅਸੀਮਤਾ ਤੇ ਅਪਰੰਮਪਾਰਤਾ ਬਾਰੇ ਕਿਹਾ ਹੈ :

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥ ੧ ॥ ਰਹਾਉ ॥
ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥ ੧ ॥
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ ੨ ॥
ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ॥
ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥ [7]

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਕਾਲ ਦੇ ਸਮਕਾਲ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ ਉਸ ਸਮੇਂ ਧਾਰਮਕ ਕੱਟੜਤਾ ਅਤੇ ਅਸਹਿਣਸ਼ੀਲਤਾ ਕਰਕੇ ਗੈਰ-ਮੁਸਲਿਮ ਲੋਕਾਈ 'ਤੇ ਤਸ਼ੱਦਦ ਦਿਨੋਂ-ਦਿਨ ਵੱਧਦਾ ਜਾ ਰਿਹਾ ਸੀ। ਗੁਰੂ ਸਾਹਿਬਾਨ ਦਾ ਮੁਗ਼ਲ ਬਾਦਸ਼ਾਹਾਂ ਨਾਲ ਕ੍ਰਾਂਤੀਕਾਰੀ ਪ੍ਰਵਚਨ ਪਿਛਲੀਆਂ ਕਈ ਸਦੀਆਂ ਤੋਂ ਚਲਦਾ ਆ ਰਿਹਾ ਸੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਪਿੱਛੋਂ ਗੁਰੂ ਹਰਗੋਬਿੰਦ ਨੇ ਵਿਖ਼ਮ ਹਲਾਤ ਨੂੰ ਦੇਖਦੇ ਹੋਏ ਅਧਿਆਤਮਕ ਤੇ ਹਥਿਆਰਬੰਦ ਸੰਘਰਸ਼ ਲਈ ਮੀਰੀ-ਪੀਰੀ ਸਿਧਾਂਤ ਨੂੰ ਅਪਣਾਇਆ ਨੌਵੇਂ ਪਾਤਸ਼ਾਹ ਦੇ ਜੀਵਨ-ਕਾਲ ਸਮੇਂ ਸੱਤਾ ਦੇ ਅਨਿਆਈ-ਅਤਿਆਚਾਰ ਅਤੇ ਜ਼ੁਲਮੋਂ-ਸਿਤਮ ਕਰਕੇ ਵਿਚਾਰਧਾਰਕ ਪੱਖੋਂ ਕਾਫ਼ੀ ਤਬਦੀਲੀ ਆ ਗਈ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਡਰ, ਦਹਿਸ਼ਤ ਅਤੇ ਲਿਤਾੜਦਾ ਦਾ ਸ਼ਿਕਾਰ ਹੋਈ ਪੀੜ੍ਹਤ ਲੋਕਾਈ ਨੂੰ ਵਿਖ਼ਤਮ ਪਰਸਥਿਤੀਆਂ ਦੇ ਖ਼ਿਲਾਫ਼ ਜੁਝਾਰੂ ਬਣਨ ਦਾ ਸੰਦੇਸ਼ ਦਿੰਦੀ ਹੈ ਜਿਸ ਦੀ ਮਿਸਾਲ ਹੈ।

ਬਲੁ ਹੋਆ ਬੰਧਨ ਛੁਟੇ
ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ
ਹਾਥ ਮੈ ਤੁਮ ਹੀ ਹੋਤ ਸਹਾਇ॥ ੫੪॥ [7]
ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥ ੫੫ ॥ [8]

ਗੁਰੂ-ਕਵੀ ਦੇ ਉਪਰੋਕਤ ਸਲੋਕਾਂ ਨੂੰ ਬੰਧਨਾਂ 'ਚ ਜਕੜੀ ਹੋਈ ਪੀੜ੍ਹਤ ਲੋਕਾਈ ਦੀ ਮਨੋ-ਅਵਸਥਾ ਨੂੰ ਉਸਾਰਨ ਦਾ ਯਤਨ ਮੰਨਿਆ ਜਾ ਸਕਦਾ ਹੈ। ਦੁਨਿਆਵੀ ਦੁੱਖ-ਸੁੱਖ, ਭੈ-ਡਰ ਅਤੇ ਸੰਤਾਪ ਤੋਂ ਮੁਕਤ ਕਰਨ ਵਾਲੀ ਚੇਤਨਾ ਜਗਾ ਕੇ ਇਹ ਬਾਣੀ ਆਪਣੇ ਸਮੇਂ ਦੇ ਮਨੁੱਖ ਨੂੰ ਰੂਹਾਨੀ ਚਾਨਣ ਦੇ ਹਵਾਲੇ ਨਾਲ ਰਾਜਨੀਤਕ ਜਕੜਤਾ ਨੂੰ ਤੋੜਨ ਦਾ ਸੁਨੇਹਾ ਦਿੰਦੀ ਹੈ ਰਾਮ ਸਿੰਘ ਨੇ ਗੁਰੂ- ਕਵੀ ਦੀ ਬਾਣੀ ਬਾਰੇ ਕਿਹਾ ਹੈ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚਾਹੇ ਸਭ ਦੇ ਪੜ੍ਹਨ ਲਈ ਹੈ ਪਰ ਬਹੁਤੇ ਲੋਕ ਇਸ ਤੋਂ ਅਭਿੱਜ ਰਹਿੰਦੇ ਹਨ। "ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਕਈ ਬਾਣੀਆਂ ਐਸੀਆਂ ਹਨ ਜਿਨ੍ਹਾਂ ਵਿੱਚ ਨਾਸ਼ਮਾਨਤਾ ਦਾ ਵਿਸ਼ਾ ਬਹੁਤਾ ਨਹੀਂ ਛੋਹਿਆ ਗਿਆ। ਜਪੁਜੀ, ਆਸਾ ਦੀ ਵਾਰ, ਸੁਖਮਨੀ, ਅਨੰਦ ਸਾਹਿਬ, ਆਦਿਕ ਬਾਣੀਆਂ ਵਿੱਚ ਜਾਂ ਤਾਂ ਇਹ ਵਿਸ਼ਾ ਹੈ ਹੀ ਨਹੀਂ ਜਾਂ ਬਹੁਤੀ ਮਾਮੂਲੀ ਮਾਤਰਾ ਵਿੱਚ ਹੈ। ਇਨ੍ਹਾਂ ਬਾਣੀਆਂ ਨੂੰ ਹੀ ਬਹੁਤੇ ਵਿਅਕਤੀ ਪੜ੍ਹਦੇ ਹਨ ਇਨ੍ਹਾਂ ਦੇ ਟਾਕਰੇ ਉੱਤੇ ਨਾਸ਼ਮਾਨਤਾ ਦਾ ਵਿਸ਼ਾ ਨੌਵੇਂ ਮਹਲੇ ਦੀ ਬਾਣੀ ਵਿੱਚ ਬਹੁਤ ਵਧੇਰੇ ਹੈ ....ਜਦੋਂ ਕਿਸੇ ਥਾਂ ਮੌਤ ਹੋ ਜਾਏ ਤਾਂ ਇਸ ਬਾਣੀ ਦੇ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਜਾਂ ਇਨ੍ਹਾਂ ਨੂੰ ਪੜ੍ਹਿਆ ਸੁਣਿਆ ਜਾਂਦਾ ਹੈ ਮੌਤ ਵਾਪਰਨ ਸਮੇਂ ਮਰਨ ਵਾਲੇ ਪ੍ਰਾਣੀ ਦੇ ਸੰਬੰਧੀਆਂ ਮਿੱਤਰਾਂ ਦੀ ਮਾਨਸਿਕ ਦਸ਼ਾ ਮੌਤ ਨੇ ਕੁਝ ਵੈਰਾਗਮਈ ਕੀਤੀ ਹੁੰਦੀ ਹੈ।" [9] ਗੁਰੂ ਤੇਗ ਬਹਾਦਰ ਅਨੁਸਾਰ ਜੋ ਮਨੁੱਖ ਦੁਨਿਆਵੀ ਕਰਮ-ਕਾਂਡਾਂ, ਦੁੱਖ-ਸੁੱਖ, ਉਸਤਤ-ਨਿੰਦਾ, ਖੁਸ਼ੀ-ਗਮੀ, ਆਦਰ-ਨਿਰਾਦਰ, ਆਸਾਂ-ਅਸੀਸਾਂ ਅਤੇ ਮਨੋ-ਕਾਮਨਾਵਾਂ ਆਦਿ ਸੰਸਾਰਕ ਭਰਮਾਂ ਤੋਂ ਬੇਲਾਗ ਹੋ ਜਾਂਦਾ ਹੈ ਪ੍ਰਭੂ ਨਾਲ ਇਸ ਤਰ੍ਹਾਂ ਇਕਮਿਕ ਹੋ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ ਇਕਮਿਕ ਹੋ ਜਾਂਦਾ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧ ॥ [10]

ਗੁਰੂ ਨਾਨਕ ਬਾਣੀ ਦੇ 'ਮਨਿ ਜੀਤੈ ਜਗੁ ਜੀਤੁ' ਦੇ ਸੰਦੇਸ਼ ਨੂੰ ਨੌਵੇਂ ਗੁਰੂ-ਕਵੀ ਦੀ

ਬਾਣੀ ਹੋਰ ਪਰਪੱਕ ਕਰਦੀ ਹੋਈ ਮਨੁੱਖ ਨੂੰ ਮਾਨਸਿਕ ਖੰਡਤਤਾ ਤੋਂ ਬਚਣ ਲਈ ਪ੍ਰੇਰਨਾ ਸਰੋਤ ਬਣਦੀ ਹੈ ਇਹ ਨਿਰਭਉ ਤੇ ਨਿਰਵੈਰ ਹੋ ਕੇ ਭੈ-ਮੁਕਤ ਜੀਵਨ ਜਿਉਣ ਦਾ ਆਦਰਸ਼ ਪ੍ਰਦਾਨ ਕਰਦੀ ਹੈ :

(1) ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨ ਗਿਆਨੀ ਤਾਹਿ ਬਖਾਨਿ॥ ੧੬ ॥ [11]

(2) ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥ ੨੦ ॥ [12]

ਦੁਨਿਆਵੀ ਮਾਇਆ ਦੇ ਲੋਭ-ਲਾਲਚ ਵਿੱਚ ਫਸ ਕੇ ਜੀਵ ਵੱਖ-ਵੱਖ ਜੂਨਾਂ ਦਾ ਜੀਵਨ ਜਿਉਂਦਾ ਹੈ ਅਨੇਕਾਂ ਜਨਮੀ-ਜੂਨਾਂ ਵਿੱਚ ਭਟਕਣ ਤੋਂ ਬਾਅਦ ਮਨੁੱਖ ਜੂਨ ਦੀ ਪ੍ਰਾਪਤੀ ਹੁੰਦੀ ਹੈ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਵਾਰ-ਵਾਰ ਮਨੁੱਖਾਂ ਜੂਨ ਦੀ ਉੱਤਮਤਾ ਅਤੇ ਵਡਿਆਈ ਕੀਤੀ ਹੈ -

(1) ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥ [13]
(2) ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥ [14]

ਗੁਰੂ-ਕਵੀ ਅਨੁਸਾਰ ਮਨੁੱਖੀ ਜੂਨ ਦੀ ਪ੍ਰਾਪਤੀ ਵਾਰ-ਵਾਰ ਨਹੀਂ ਹੁੰਦੀ ਪਰ ਅਨਭੋਲ ਮਨੁੱਖ ਇਸ ਦੀ ਪ੍ਰਾਪਤੀ ਤੇ ਮਹੱਤਤਾ ਨੂੰ ਨਹੀਂ ਸਮਝਦਾ ਉਹ ਸੰਸਾਰਕ ਪਦਾਰਥਾਂ ਦੀ ਲੁਭਾਇਕਤਾ ਵਿੱਚ ਫਸ ਕੇ ਜੂਨਾਂ ਤੋਂ ਮੁਕਤੀ ਦੇ ਆਦਰਸ਼ ਨੂੰ ਭੁੱਲ ਮੋਹ-ਮਾਇਆ, ਲੋਭ-ਲਾਲਚ, ਹੰਕਾਰਤਾ, ਦੁਨਿਆਵੀ ਰਿਸ਼ਤੇ-ਨਾਤਿਆਂ, ਇੰਦਰੀਆਂ ਦੀ ਭਟਕਣਾ ਆਦਿ ਨੂੰ ਪਰਮ ਸੁਖ ਸਮਝ ਉਨ੍ਹਾਂ ਦੀ ਭੋਗਤਾ ਦੇ ਚੱਕਰਵਿਊ ਵਿੱਚ ਖੱਚਿਤ ਹੋ ਜਾਂਦਾ ਹੈ :

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ॥ [15]

ਗੁਰੂ ਤੇਗ ਬਹਾਦਰ ਅਨੁਸਾਰ ਮਨੁੱਖ ਦਾ ਸਵੈ-ਹੰਕਾਰ ਉਸ ਦੀ ਸੋਚ-ਸਮਝ ਤੇ ਪਰਦਾ ਪਾ ਦਿੰਦਾ ਹੈ। ਜਿਸ ਕਰਕੇ ਮਨੁੱਖ ਦੁਨਿਆਵੀ ਬੰਧਨਾਂ ਦੀ ਪ੍ਰਭੂ ਮਾਇਆ ਕਰਕੇ ਅਨੇਕ ਜੂਨਾਂ ਦੀ ਘੁੰਮਣਘੇਰੀ ਵਿੱਚ ਘਿਰਿਆ ਰਹਿੰਦਾ ਹੈ। ਨੌਵੇਂ ਗੁਰੂ ਨੇ ਸਵੈ-ਹਉਮੈ ਦੀ ਤਿਆਗਣਾ ਉੱਤੇ ਜ਼ੋਰ ਦਿੰਦੇ ਕਿਹਾ ਹੈ :

(1) ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨ॥ [16]

(2) ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥ [17]

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ 'ਬੈਰਾਗ' ਸ਼ਬਦ ਇੱਕ ਵਾਰ
ਵਰਤਿਆ ਹੈ ਪਰ ਉਨ੍ਹਾਂ ਦੀ ਬਾਣੀ ਦੀ ਪ੍ਰਮੁੱਖ ਧੁਨੀ ਵੈਰਾਗ ਦੀ ਭਾਵਨਾ ਵਾਲੀ ਹੈ।
ਮਨੁੱਖ ਵੈਰਾਗ ਦੀ ਅਵਸਥਾ ਤੱਕ ਵੀ ਪ੍ਰਭੂ-ਪਰਮਾਤਮਾ ਦੀ ਮਿਹਰ-ਬਖਸ਼ਸ਼ ਨਾਲ ਪੁੱਜ
ਸਕਦਾ ਹੈ। ਜੋ ਮਨੁੱਖ ਇਸ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਉਸ ਵਿੱਚ ਨਿਰਮਤਾ,
ਸਬਰ, ਸੰਤੋਖ ਆ ਜਾਂਦਾ ਹੈ। ਵੈਰਾਗ ਦੀ ਅਵਸਥਾ ਵਿੱਚ ਪਹੁੰਚ ਕੇ ਸੰਸਾਰਕ ਅਸਥਿਰਤਾ
ਤੇ ਛਿਨ-ਭੰਗਰਤਾ ਦਾ ਭੇਦ ਸਮਝ ਆ ਜਾਣ ਕਾਰਨ ਮਨੁੱਖ ਆਪਣੇ ਅੰਤਰਮਨ ਵਿੱਚ
ਪਰਮਾਤਮਾ ਦਾ ਚਾਨਣ ਮਹਿਸੂਸਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ
ਵਿਕਾਰਾਂ ਤੋਂ ਦੂਰ ਹੋ ਜਾਂਦਾ ਹੈ। ਗੁਰੂ ਸਾਹਿਬ ਅਨੁਸਾਰ ਵੈਰਾਗ ਦੀ ਅਵਸਥਾ ਤੱਕ ਉਹ
ਮਨੁੱਖ ਹੀ ਪਹੁੰਚ ਸਕਦਾ ਹੈ ਜਿਸ ਤੇ ਪ੍ਰਭੂ ਦੀ ਮਿਹਰ ਹੋਵੇ। ਗੁਰੂ ਕਵੀ ਦੀ ਬਾਣੀ ਵਿਚਲੇ
ਨਾਸ਼ਮਾਨਤਾ ਦੇ ਸੰਕਲਪ ਬਾਰੇ ਰਾਮ ਸਿੰਘ ਦਾ ਵਿਚਾਰ ਹੈ, 'ਵੈਰਾਗ ਭਾਵ ਉਪਜਾਉਣ
ਲਈ ਗੁਰੂ ਤੇਗ ਬਹਾਦਰ ਮਨੁੱਖ ਨੂੰ ਉਸ ਦੀ ਮੌਤ ਦੀ ਯਾਦ ਕਰਵਾਉਣ ਤੋਂ ਛੁਟ ਸਾਰੇ
ਭੌਤਿਕ ਜਗਤ ਦੀ ਨਾਸ਼ਮਾਨਤਾ ਭੀ ਦ੍ਰਿੜ ਕਰਵਾਉਂਦੇ ਹਨ। ਭੌਤਿਕ ਸੰਸਾਰ ਮਾਨੋ
ਮਨੁੱਖ ਦੇ ਸਰੀਰ ਦਾ ਹੀ ਹੈ।" [18] ਅਜਿਹੇ ਮਨੁੱਖ ਦੇ ਹਿਰਦੇ ਵਿੱਚ ਪ੍ਰਭੂ ਆਪ ਨਿਵਾਸ
ਕਰਦਾ ਹੈ ਗੁਰੂ-ਕਵੀ ਦੀ ਬਾਣੀ ਵਿੱਚ ਸੰਸਾਰਕ ਦੁੱਖਾਂ, ਸੰਸਾਰ ਦੀ ਨਾਸ਼ਮਾਨਤਾ, ਕਾਲ
ਦੀ ਸ਼ਕਤੀ, ਸੰਸਾਰਕ ਭੋਗਾਂ ਤੇ ਵਿਲਾਸਤਾਵਾਂ, ਸੰਸਾਰਕ ਰਿਸ਼ਤਿਆਂ-ਨਾਤਿਆਂ ਵਿਚਲੀ
ਸਵੈ-ਲਾਭਤਾ ਆਦਿ ਦਾ ਜਿਕਰ ਮਿਲਦਾ ਹੈ ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ
ਬਾਣੀ ਵਿੱਚ ਵੈਰਾਗ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਤੋਂ ਵੱਧ ਮਿਲਦਾ ਹੈ :

ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥ 18 ॥ [19]

ਗੁਰੂ ਤੇਗ ਬਹਾਦਰ ਜੀ ਨੇ ਦ੍ਰਿੜਤਾ ਨਾਲ ਮਨੁੱਖੀ ਜੀਵਨ ਦੇ ਅਸਲ ਦ੍ਰਿੜ੍ਹ-
ਸੰਕਲਪੀ-ਸੰਦੇਸ਼ ਹਰੀ-ਪ੍ਰਭੂ-ਪਰਮਾਤਮਾ ਦਾ ਨਾਮ-ਸਿਮਰਨ ਕਰਨਾ ਅਤੇ ਉਸ ਦੀ
ਮਿਹਰ ਹਾਸਲ ਕਰਨਾ ਹੈ। ਪ੍ਰਭੂ-ਸਿਮਰਨ ਤੋਂ ਬਿਨਾਂ ਮਨੁੱਖੀ ਜੀਵਨ ਪਸ਼ੂ ਜੀਵਨ
ਸਮਾਨ-ਤੁਲ ਹੋ ਜਾਂਦਾ ਹੈ। ਸੰਸਾਰਕ ਦੌਲਤ-ਪਦਾਰਥ ਦਾ ਲੋਭੀ ਮਨੁੱਖ ਪ੍ਰਭੂ ਦੀ ਸਿਰਜੀ
ਸੰਸਾਰਕ ਮਾਇਆ ਦੀ ਮਾਇਆਵੀ ਘੁੰਮਣਘੇਰੀ ਵਿੱਚ ਖਚਿਤ ਹੋ ਜਾਂਦਾ ਹੈ ਜਦ ਕਿ ਪ੍ਰਭੂ
ਦਾ ਨਾਮ-ਸਿਮਰਨ ਕਰਨ ਵਾਲਾ ਉਸ ਪ੍ਰਤਿਪਾਲਕ ਦੀ ਬਖ਼ਸ਼ਿਸ਼ ਕਰਕੇ ਦੁਨਿਆਵੀ
ਮਾਇਆ ਦੇ ਫੰਧੇ ਤੋਂ ਬਚ ਜਾਂਦਾ ਹੈ :

ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥

ਮਾਨਸ ਦੇਹ ਬਹੁਰਿ ਨਹ ਪਾਵਹੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥
ਨਾਨਕ ਕਹਤੁ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ॥ [20]

ਗੁਰੂ-ਕਵੀ ਨੇ ਮਿਥਿਹਾਸਕ ਵਿਅਕਤੀਆਂ / ਪਾਤਰਾਂ ਰਾਹੀਂ ਹਰੀ ਦੀ ਸ਼ਰਣ ਵਿੱਚ ਆਉਣ ਅਤੇ ਹਰੀ ਨਾਮ ਜਪਣ ਕਰਕੇ ਅਜਾਮਲ ਪਾਪੀ, ਗਨਿਕਾ ਵੇਸਵਾ, ਧਰੂ-ਭਗਤ ਦੇ ਦੁਨਿਆਵੀ ਆਵਾਗਵਣ ਤੋਂ ਮੁਕਤ ਹੋ ਗਏ ਹਨ :

ਦੁਖ ਹਰਤਾ ਹਰਿ ਨਾਮ ਪਛਾਨੋ ॥
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥
ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥
ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥
ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ ॥
ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤਮੁ ਮਾਨੋ॥ [21]

ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਜੀਵਨ ਦੀ ਯਥਾਰਥ ਹੋਣੀ ਬਾਰੇ ਬਿਆਨ ਕੀਤਾ ਹੈ ਕਿ ਸੰਸਾਰਕ ਨਾਸ਼ਮਾਨਤਾ ਦੇ ਸੱਚ ਨੂੰ ਜਾਣਦੇ ਹੋਏ ਵੀ ਮਨੁੱਖ ਨੇ ਮਨੁੱਖਾ ਜੀਵਨ ਨਾਲ ਮੋਹ ਦੀਆਂ ਤੰਦਾਂ ਪੀਡੀਆਂ ਪਾ ਲਈਆਂ ਹਨ। ਉਹ ਆਪਣੇ ਆਪ ਨੂੰ ਨਾਮ ਸਿਮਰਨ ਨਾਲ ਜੋੜਨ ਦੀ ਥਾਂ ਦੁਨਿਆਵੀ ਕਰਮ-ਕਾਂਡਾਂ, ਹਵਨ-ਯੱਗ ਕਰਨੇ, ਤੀਰਥਾਂ ਤੇ ਮੱਥੇ ਰਗੜਨ- ਇਸ਼ਨਾਨ ਕਰਨ, ਵਰਤ ਰੱਖਣ ਅਤੇ ਦੀਵੇ ਬਾਲਣ ਆਦਿ ਸਭ ਭ੍ਰਮਤ ਹੋ ਜਾਣ ਵਾਲੇ ਕਰਮ ਕਰ ਰਿਹਾ ਹੈ। ਜਦ ਕਿ ਅਟੱਲ ਸੱਚਾਈ ਇਹ ਹੈ ਕਿ ਪ੍ਰਭੂ ਦੀ ਮਿਹਰ ਅਤੇ ਸ਼ਰਣ ਦੀ ਪ੍ਰਾਪਤੀ ਨਾਲ ਹੀ ਜੀਵਨ ਮੁਕਤੀ ਪ੍ਰਾਪਤ ਹੁੰਦੀ ਹੈ :

(1) ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥ [22]

(2) ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋਉ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥
ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥ [23]

(3) ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ [24]

ਗੁਰੂ-ਕਵੀ ਨੇ ਜੀਵਨ ਦੀ ਨਾਸ਼ਮਾਨਤਾ ਬਾਰੇ ਦ੍ਰਿੜ੍ਹਾਇਆ ਹੈ ਕਿ ਮਨੁੱਖੀ ਸਰੀਰ

ਵੀ ਜੀਵ-ਆਤਮਾ ਨੂੰ ਸਮੇਂ ਨਾਲ ਛੱਡ ਨਾਸ਼ ਹੋ ਜਾਂਦਾ ਹੈ। ਇਸ ਸੰਸਾਰ ਵਿੱਚ ਕੋਈ ਮਨੁੱਖ ਸਦਾ ਲਈ ਨਹੀਂ ਰਹਿੰਦਾ। ਅਗੜ-ਪਿੱਛੜ ਜਨਮ-ਮੌਤ ਦੀ ਲੜੀ ਸਦਾ ਚਲਾਇਮਾਨ ਹੈ। ਰਾਮ-ਰਾਵਣ ਵਰਗੇ ਵੀਰ-ਮਹਾਂ-ਪੁਰਸ਼ ਵੀ ਸੰਸਾਰਕ ਯਾਤਰਾ ਪੂਰੀ ਕਰ ਸੰਸਾਰਕ-ਅਸੀਮਤਾ ਵਿੱਚ ਸਮਾਂ ਗਏ :

ਯਾ ਜਗ ਮਹਿ ਕੋਊ ਰਹਨੁ ਨ ਪਾਵੈ
ਇਕਿ ਆਵਹਿ ਇਕਿ ਜਾਹੀ॥ [25]

ਮਨੁੱਖੀ ਮਨ ਦੀ ਸਥਿਰਤਾ ਬਾਰੇ ਗੁਰੂ ਨਾਨਕ ਦੇਵ ਜੀ ਨੇ 'ਮਨਿ ਜੀਤੈ ਜਗੁ ਜੀਤ' ਸ਼ਬਦਾਂ ਵਿੱਚ ਮਨੁੱਖੀ ਜੀਵਨ ਦੇ ਨਿਚੋੜ ਨੂੰ ਬਿਆਨ ਕਰ ਦਿੱਤਾ ਹੈ। ਇਸ ਸੱਚਾਈ ਦਾ ਜਿਕਰ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਕੀਤਾ ਹੈ ਕਿ ਮਨੁੱਖੀ ਮਨ ਬਹੁਤ ਚੰਚਲ ਹੈ । ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਮਾਇਆਵਾਂ ਦੇ ਹਮਲੇ ਮਨੁੱਖ ਨੂੰ ਲਗਾਤਾਰ ਭਟਕਾਉਣ ਲਈ ਤਤਪਰ ਰਹਿੰਦੇ ਹਨ ਬੀਤੇ ਸਮੇਂ ਵਿੱਚ ਕਿੰਨੇ ਹੀ ਜਤੀ-ਸਤੀ-ਸੰਤੋਖੀ ਵਿਕਲੋਤਰੇ ਯਤਨ ਕਰਨ ਦੇ ਬਾਵਜੂਦ ਮਨ ਦੀ ਚੰਚਲਤਾ 'ਤੇ ਕਾਬੂ ਨਹੀਂ ਰੱਖ ਸਕੇ ਪ੍ਰਭੂ-ਸਿਮਰਨ ਤੇ ਪ੍ਰਭੂ ਦੀ ਮਿਹਰ ਨਾਲ ਹੀ ਮਨ ਨੂੰ ਸਥਿਰ ਕੀਤਾ ਜਾ ਸਕਦਾ ਹੈ :

ਸਾਧੋ ਇਹੁ ਮਨੁ ਗਹਿਓ ਨ ਜਾਈ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥
..............................................................
ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ॥
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥ [27]

ਪੰਜਾਬੀ ਸੱਭਿਆਚਾਰ ਵਿੱਚ 'ਬਾਰ ਪਰਾਇਐ ਬੈਸਣਾ' ਨੂੰ ਬੇਸ਼ਰਮਾਂ ਤੇ ਗ਼ੈਰਤਹੀਨ ਸਮਝਿਆ ਜਾਂਦਾ ਹੈ। ਜਿਸ ਬਾਰੇ ਸੂਫ਼ੀ ਕਵੀ ਸ਼ੇਖ ਫਰੀਦ ਸ਼ਕਰਗੰਜ ਨੇ ਕਈ ਸਦੀਆਂ ਪਹਿਲਾਂ ਕਿਹਾ ਸੀ :

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥ [27]

ਗੁਰੂ ਤੇਗ ਬਹਾਦਰ ਜੀ ਨੇ ਵੀ ਗੁਲਾਮੀ ਜਾਂ ਅਧੀਨਗੀ ਵਾਲੇ ਮਨੁੱਖੀ ਜੀਵਨ ਤ੍ਰਿਸਕਾਰਿਆ ਹੈ, ਉਨ੍ਹਾਂ ਅਨੁਸਾਰ ਦੁਨਿਆਵੀ ਗੁਲਾਮੀ ਨਾਲੋਂ ਤਾਂ ਪ੍ਰਭੂ ਦੇ ਨਾਮ ਜਪਣ ਦੀ ਗੁਲਾਮੀ ਹੀ ਕਰਨੀ ਚਾਹੀਦੀ ਹੈ। ਦੁਨਿਆਵੀ ਕਰਮ-ਕਾਂਡਾਂ ਤੇ ਪਦਾਰਥਾਂ ਦੀ ਲੋਭਤਾ 'ਚ ਗ੍ਰਸਤ ਮਨੁੱਖ ਜੀਵਨ ਭਰ ਕੁੱਤੇ ਵਾਂਗ ਦਰ-ਦਰ ਭਟਕਣ ਨੂੰ ਤ੍ਰਿਸਕਾਰਿਆ

ਹੈ ਬਾਬਾ ਫ਼ਰੀਦ ਸ਼ਕਰਗੰਜ ਨੇ ਪ੍ਰਭੂ ਭਗਤੀ ਬਾਰੇ ਕਿਹਾ ਹੈ :

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
ਕਰ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥ [28]

ਗੁਰੂ ਤੇਗ ਬਹਾਦਰ ਜੀ ਨੇ ਵੀ ਇਹ ਦ੍ਰਿੜਾਇਆ ਹੈ ਕਿ ਮਨੁੱਖ ਪ੍ਰਭੂ ਦਾ ਸਿਮਰਨ ਕਰਨ ਵੱਲ ਧਿਆਨ ਨਹੀਂ ਦਿੰਦਾ ਤੇ ਸਾਰਾ ਜੀਵਨ ਵਿਅਰਥ ਗੁਜ਼ਾਰ ਦਿੰਦਾ ਹੈ :

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥
ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥ [29]

ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਕੋਈ ਵੀ ਸਾਹਿਤਕ ਰਚਨਾ ਅਜਿਹੀ ਨਹੀਂ ਹੁੰਦੀ ਜੋ ਆਪਣੇ ਬੀਤੇ ਦੇ ਇਤਿਹਾਸ-ਮਿਥਿਹਾਸ ਤੋਂ ਨਿਰਲੇਪ ਹੋਵੇ, ਹਰ ਸਾਹਿਤਕ ਲਿਖਤ ਦੀ ਚਿਰ-ਸਥਾਈਤਾ ਅਤੇ ਪਰਪੱਕਤਾ ਲਈ ਇਤਿਹਾਸਕ-ਮਿਥਿਹਾਸਕ ਪੂਜਣਯੋਗ ਸ਼ਕਤੀਆਂ, ਸ਼ਖ਼ਸੀਅਤਾਂ ਤੇ ਪ੍ਰੇਰਨਾਦਾਇਕ ਪਾਤਰਾਂ ਆਦਿ ਦਾ ਵਰਨਣ ਰਚਨਾ ਦੀ ਅਸੀਮਤਾ ਨੂੰ ਸਮੇਂ-ਕਾਲ ਦੀ ਹੱਦ ਤੋਂ ਪਾਰ ਲੈ ਜਾਂਦਾ ਹੈ। ਭਾਵੇਂ ਗੁਰਮਤਿ ਵਿਚਾਰਧਾਰਾ ਦਾ ਇਨ੍ਹਾਂ ਪਰਾਭੌਤਿਕ ਸ਼ਕਤੀਆਂ ਵਿੱਚ ਵਿਸ਼ਵਾਸ ਨਹੀਂ ਨਾ ਹੀ ਇਨ੍ਹਾਂ ਵਿਚਲੇ ਵਹਿਮਾਂ-ਭਰਮਾਂ, ਕਰਮ-ਕਾਂਡਕ ਸਿਧਾਂਤਾਂ ਦੇ ਭਰਮਾਂ ਦੀ ਮਾਨਤਾ ਹੈ। ਇਸ ਸਬੰਧੀ ਗੁਰੂ ਅੰਗਦ ਦੇਵ ਜੀ ਦਾ ਸਲੋਕ ਹੈ :

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ॥
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥
ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥ ॥
ਨਾਨਕ ਅਗਹੁ ਹਉਮੈ ਤੂਟੈ ਤਾ ਕੋ ਲਿਖਿਐ ਲੇਖੈ॥ [30]

ਇਸ ਤਰ੍ਹਾਂ ਗੁਰਮਤਿ ਕਾਵਿ-ਰਚਨਾਵਾਂ ਵਿੱਚ ਕਈ ਭਾਵਾਂ ਦੀ ਸਪੱਸ਼ਟਤਾ-ਸਮਝਤਾ ਲਈ ਭਾਰਤ ਦੀਆਂ ਇਤਿਹਾਸਕ-ਮਿਥਿਹਾਸਕ ਕਥਾ-ਕਹਾਣੀਆਂ ਦਾ ਵਰਣਨ ਕਰ ਗੁਰਮਤਿ-ਰਚਨਾਵਾਂ ਨੂੰ ਕਿੰਨੀਆਂ ਹੀ ਸਦੀਆਂ ਦੇ ਪਿਛੋਕੜੀ ਸਮੇਂ-ਕਾਲ ਨਾਲ ਜੋੜ ਦਿੱਤਾ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਤੋਂ ਪਹਿਲੇ ਗੁਰੂ-ਸਾਹਿਬਾਨ ਵਾਂਗ

ਆਪਣੀ ਰਚਨਾ ਵਿੱਚ ਰਾਮ, ਰਾਵਣ, ਗਨਿਕਾ, ਰਾਜ, ਅਜਾਮਲੁ, ਦਰੋਪਤੀ ਆਦਿ ਪਾਤਰਾਂ ਦੇ ਸੰਕੇਤ ਰਾਹੀਂ ਸੰਸਾਰ ਦੀ ਨਾਸ਼ਮਾਨਤਾ ਦੇ ਸੱਚ ਨੂੰ ਦ੍ਰਿੜਾਇਆ ਹੈ :

(1) ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥ [31]

(2) ਦੁਖ ਹਰਤਾ ਹਰਿ ਨਾਮੁ ਪਛਾਨੋ ॥
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥੧॥ ਰਹਾਉ ॥ [32]

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਰਚਨਾ ਵਿੱਚ ਸਮਕਾਲੀਨ ਸਮਾਜਕ , ਆਰਥਕ, ਧਾਰਮਕ, ਰਾਜਨੀਤਕ ਅਤੇ ਸਦਾਚਾਰੀ-ਸ਼ਿਸ਼ਟਾਚਾਰ ਆਦਿ ਸਰੋਕਾਰਾਂ ਰਾਹੀਂ ਸਧਾਰਣ ਮਨੁੱਖ ਨੂੰ ਦਮਨਕਾਰੀ ਹਕੂਮਤ ਨਾਲ ਕਰੜੇ ਹੱਥੀਂ ਨਜਿੱਠਣ ਲਈ ਪ੍ਰੇਰਿਤ ਕਰਦੀ ਹੈ। ਇਹ ਮਨੁੱਖ ਨੂੰ ਡਰ, ਭੈ, ਦਹਿਸ਼ਤ, ਤਸ਼ੱਦਦ, ਦਮਨ ਅਤੇ ਨਿਰਕੁੰਸਤਾ ਆਦਿ ਖਿਲਾਫ ਜੂਝਣ ਵਾਲੀ ਮਾਨਸਿਕ-ਦ੍ਰਿੜਤਾ ਪ੍ਰਦਾਨ ਕਰਦੀ ਹੈ। ਆਪਣੇ ਆਦਰਸ਼ੀ ਜੀਵਨ-ਸੰਦੇਸ਼ਾਂ ਦੇ ਆਸ਼ੇ ਕਰਕੇ ਇਹ ਬਾਣੀ ਮੱਧਕਾਲ ਦੇ ਨਾਲ-ਨਾਲ ਅਜੋਕੇ 21ਵੀਂ ਸਦੀ ਦੇ ਤੇਜ਼-ਰਫ਼ਤਾਰੀ-ਸੰਚਾਰੀ ਸਾਧਨਾਂ ਦੇ ਦੌਰ ਵਿੱਚ ਮਨੁੱਖ ਨੂੰ ਸਹਿਜਤਾ ਨਾਲ ਬਜ਼ਾਰਵਾਦ, ਉਪਭੋਗਤਾਵਾਦ, ਵਿਗਿਆਪਨਵਾਦ, ਬਰੈਂਡਵਾਦ, ਗੀਤਕਾਰੀਵਾਦ ਤੇ ਗੀਤਾਂ ਦਾ ਫਿਲਮਾਂਕਣਵਾਦ ਆਦਿ ਵਿੱਚ ਮੰਡੀਕਰਨ ਦੇ ਪ੍ਰਭਾਵ ਹੇਠ ਵੱਧ ਰਹੀ ਅਸਹਿਣਯੋਗ ਅਸ਼ਲੀਲਤਾ ਰਾਹੀਂ ਆਰਥਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰਨ ਦੀਆਂ ਜੁਗਤਾਂ ਨਾਲ ਸਿਲਝੱਣ ਦਾ ਮਾਰਗ ਦਰਸ਼ਨ ਹੀ ਨਹੀਂ ਕਰਦੀ ਸਗੋਂ ਇਨ੍ਹਾਂ ਹਲਾਤਾਂ ਦਾ ਸਾਹਮਣਾ ਸਬਰ-ਸਹਿਜਤਾ ਨਾਲ ਕਰਨ ਦਾ ਬਲ ਵੀ ਬਖਸ਼ਦੀ ਹੈ।

***ਹਵਾਲੇ ਅਤੇ ਟਿੱਪਣੀਆਂ :***

1. ਸੀ.ਐਲ. ਨਾਰੰਗ : ਨੌਵੇਂ ਨਾਨਕ ਗੁਰੂ ਤੇਗ਼ ਬਹਾਦਰ, ਮਦਾਨ ਪਬਲਿਸ਼ਰਜ਼, ਪਟਿਆਲਾ 1976 ਅੰਗ-109.

2. ਉਹੀ ,, ,, ,, ਅੰਗ-110.

3. ਸਲੋਕ 17-18, ਮਹੱਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ- 1427

4. ਰਾਮ ਸਿੰਘ : ਬਾਣੀ ਗੁਰੂ ਤੇਗ ਬਹਾਦਰ ਵਿਸ਼ਾ ਤੇ ਕਲਾ,ਪਬਲੀਕੇਸ਼ਨ ਬਿਓਰੋ, ਪੰਜਾਬ ਯੂਨੀ. , ਚੰਡੀਗੜ੍ਹ, ਅੰਗ- 32-33

5. ਸ਼ਬਦ, ਰਾਗ ਗਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 219

6. ਸ਼ਬਦ, ਰਾਗ ਧਨਾਸਰੀ , ,, ,, ਅੰਗ-684

7. ਸ਼ਬਦ, ਰਾਗ ਬਿਹਾਗੜਾ, ,, ,, ਅੰਗ- 537

8. ਸਲੋਕ 53, ਮਹੱਲਾ 9 ,, ,, ਅੰਗ- 1429
9. ਰਾਮ ਸਿੰਘ : ਬਾਣੀ ਗੁਰੂ ਤੇਗ਼ ਬਹਾਦਰ ਵਿਸ਼ਾ ਤੇ ਕਲਾ,ਪਬਲੀਕੇਸ਼ਨ ਬਿਓਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਅੰਗ 19
10. ਸ਼ਬਦ, ਰਾਗ ਸੋਰਠਿ,ਮਹੱਲਾ 9 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ- 633
11. ਸਲੋਕ 16 ਮਹੱਲਾ 9 ,, ,, ਅੰਗ- 1426
12. ਸਲੋਕ 20. ,, ,, ,, ਅੰਗ- 1427
13. ਸ਼ਬਦ, ਰਾਗ ਸੋਰਠਿ, ,, ,, ,, ਅੰਗ- 631.
14. ਸ਼ਬਦ, ਰਾਗ ਗਉੜੀ, ,, ,, ਅੰਗ- 219
15. ਉਹੀ ,, ,, ,, ਅੰਗ- 220
16. ਸਲੋਕ 9 ਮਹੱਲਾ 9 ,, ,, ,, ਅੰਗ- 1426
17. ਸਲੋਕ 17.ਮਹੱਲਾ 9 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 1426
18. ਰਾਮ ਸਿੰਘ ਉਹੀ ਅੰਗ- 26
19. ਸਲੋਕ 22, ਮਹੱਲਾ 9 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ- 1426
20. ਸ਼ਬਦ, ਰਾਗ ਗਉੜੀ, ,, ਅੰਗ- 219
21. ਸ਼ਬਦ, ਰਾਗ ਬਿਲਾਵਲ, ਅੰਗ- 830
22. ਸ਼ਬਦ, ਰਾਗ ਬਿਲਾਵਲ, ਅੰਗ- 830
23. ਸ਼ਬਦ, ਰਾਗ ਬਿਲਾਵਲ ਅੰਗ- 831
24. ਸਲੋਕ ਅੰਗ- 1427
25. ਸ਼ਬਦ, ਰਾਗ ਸਾਰੰਗ, ਅੰਗ- 1231
26. ਸ਼ਬਦ, ਰਾਗ ਗਉੜੀ, ਅੰਗ- 219
27. ਸਲੋਕ 42, ਸ਼ੇਖ ਫਰੀਦ, ਸੰਥਾ ਸੈਂਚੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ(ਪੋਥੀ ਦੂਜੀ) ਅੰਗ- 1378
28. ਸਲੋਕ 12 ,, ,, ,, ,, ਅੰਗ- 1378
29. ਸ਼ਬਦ, ਰਾਗ ਆਸਾ, ਮਹੱਲਾ 9, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ- 411
30. ਸ਼ਬਦ, ਰਾਗ ਗਉੜੀ, ਮਹੱਲਾ 2, ਅੰਗ- 1243
31. ਸਲੋਕ, 50, ਮਹੱਲਾ 9, ਸੰਥਾ ਸੈਂਚੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਅੰਗ- 1426.
32. ਸ਼ਬਦ, ਰਾਗ ਬਿਲਾਵਲ, ਮਹੱਲਾ 9, ਅੰਗ 830.

*ਮੁਖੀ, ਪੰਜਾਬੀ ਵਿਭਾਗ,*

*ਸ਼ਹੀਦ ਉਧਮ ਸਿੰਘ ਸਰਕਾਰੀ ਕਾਲਜ, ਸੁਨਾਮ*